# ਵੰਡ ਇੱਕ ਦੁਖਾਂਤ

ਸਕ੍ਰਿਪਟ: ਡਾ. ਪ੍ਰਕਾਸ਼ ਝਾ

ਦ੍ਰਿਸ਼ : ਇੱਕ ਆਯੋਜਨ ਚੱਲ ਰਿਹਾ ਹੈ ...

ਗੀਤ : * ਆਓ ਬੱਚੋ ਤੁਮਹੇਂ ਦਿਖਾਏਂ ਝਾਕੀ ਹਿੰਦੋਸਤਾਨ ਕੀ...
ਇਸ ਮਿੱਟੀ ਕੋ ਤਿਲਕ ਕਰੋ, ਯਹ ਧਰਤੀ ਹੈ ਬਲਿਦਾਨ ਕੀ ...
ਵੰਦੇ ਮਾਤਰਮ ...ਵੰਦੇ ਮਾਤਰਮ ...
ਆਓ ਬੱਚੋ ਤੁਮਹੇਂ ਦਿਖਾਏਂ ਝਾਕੀ ਹਿੰਦੋਸਤਾਨ ਕੀ...
ਇਸ ਮਿੱਟੀ ਕੋ ਤਿਲਕ ਕਰੋ, ਯਹ ਧਰਤੀ ਹੈ ਬਲਿਦਾਨ ਕੀ ...
ਵੰਦੇ ਮਾਤਰਮ ...ਵੰਦੇ ਮਾਤਰਮ ...

ਬੱਚਾ: ਦਾਦਾ ਜੀ........ ਦਾਦਾ ਜੀ ਤੁਸੀਂ ਸੁਣਿਆਂ ਇਹ ਲੋਕ ਕਿੰਨਾ ਵਧੀਆ ਗਾ ਰਹੇ ਹਨ।

ਦਾਦਾ ਜੀ: ਵੰਦੇ ਮਾਤਰਮ....ਵੰਦੇ ਮਾਤਰਮ..... ਸ਼ਬਦ ਹੀ ਅਜਿਹਾ ਹੈ, ਜਿਸਨੂੰ ਵਾਰ ਵਾਰ ਗਾਉਣ ਦਾ, ਸੁਣਨ ਦਾ ਮਨ ਕਰਦਾ ਹੈ।

ਬੱਚਾ : ਦਾਦਾ ਜੀ..... ਇਹ ਲੋਕ ਅੱਜ ਇਹ ਗੀਤ ਕਿਉਂ ਗਾ ਰਹੇ ਹਨ?

ਦਾਦਾਜੀ : ਇਹ ਲੋਕ 14 ਅਤੇ 15 ਅਗਸਤ ਦੇ ਆਯੋਜਨ ਦੀ ਤਿਆਰੀ ਕਰ ਰਹੇ ਹਨ।

ਬੱਚਾ : ਦਾਦਾ ਜੀ 15 ਅਗਸਤ ਤਾਂ ਮੈਂ ਜਾਣਦਾ ਹਾਂ ਕਿ ਸੁਤੰਤਰਤਾ ਦਿਵਸ ਹੈ ਪਰ 14 ਅਗਸਤ ਦੇ ਲਈ ਕਿਉਂ ਦਾਦਾ ਜੀ?

ਦਾਦਾ ਜੀ : 14 ਅਗਸਤ ਨੂੰ ਸਾਡੇ ਦੇਸ਼ ਦੀ ਵੰਡ ਹੋਈ ਸੀ, ਤਾਂ ਹੀ ਅਸੀਂ ਅਸੀਂ ਇਸ .ਨੂੰ 'ਵੰਡ ਦਾ ਦੁਖਾਂਥ ਸਿਮਰਤੀ ਦਿਵਸ' ਦੇ ਤੌਰ ਤੇ ਮਨਾਉਂਦੇ ਹਾਂ।

ਬੱਚਾ: ਹਾਂ ਦਾਦਾ ਜੀ," ਵੰਡ ਦਾ ਦੁਖਾਂਤ" ਕੀ ਹੈ?

ਦਾਦਾਜੀ: ਵੰਡ ਦਾ ਮਤਲਬ ਨਹੀਂ ਸਮਝਦੇ?   ਜਦ ਵੰਡ ਦਾ ਮਤਲਬ ਹੀ ਨਹੀਂ ਸਮਝਦੇ ਤਾਂ ਦੁਖਾਂਤ ਦਾ ਮਤਲਬ ਕਿਵੇਂ ਸਮਝੋਗੇ?

ਬਈ ਬੱਚਿਓ......ਸਾਡਾ ਦੇਸ਼ ਪਹਿਲਾਂ ਬਹੁਤ ਵੱਡਾ ਸੀ। ਪਰ ਬਾਅਦ ਵਿੱਚ ਇਸਦੀ ਵੰਡ ਹੋ ਗਈ।

ਬੱਚਾ: ਮਤਲਬ ਵੰਡ ਦਿੱਤਾ ਗਿਆ ?

ਦਾਦਾ ਜੀ: ਹਾਂ ਵੰਡ ਦਿੱਤਾ ਗਿਆ ਲੇਕਿਨ ਵੰਡਣਾ.....ਵੰਡ ਕਰਨਾ ਵੱਖ ਵੱਖ ਗੱਲਾਂ ਨੇ।
ਮੰਨ ਲਓ ਤੁਹਾਡੇ ਕੋਲ ਦਸ ਟਾਫੀਆਂ ਹਨ। ਇਨ੍ਹਾਂ ਨੂੰ ਤੁਸੀਂ ਆਂਪਸ ਵਿੱਚ ਵੰਡਣਾ ਹੋਵੇ ਤਾਂ ਕਿਵੇਂ ਵੰਡੋਗੇ?
ਪੰਜ-ਪੰਜ ਵੰਡ ਲਓਗੇ.... ਹੁਣ ਸੋਚੋ ਕਿ ਤੁਹਾਡੇ ਕੋਲ ਇੱਕ ਹੀ ਟਾਫੀ ਹੈ....ਤਾਂ ਕੀ ਕਰੋਗੇ....

ਬੱਚਾ: ਮੈਂ ਇਹਨੂੰ ਤੋੜ ਕੇ ਦੋ ਹਿੱਸਿਆਂ ਵਿੱਚ ਵੰਡ ਦੇਵਾਂਗੀ।

.

ਦਾਦਾ ਜੀ : ਬੱਚਿਓ ਤੋੜਨਾ... ਉਸਨੂੰ ਟੋਟੇ ਟੋਟੇ ਕਰ ਦੇਣਾ... ਇਹ ਵੰਡ ਹੁੰਦੀ ਹੈ।

. ਅਤੇ ਇਸ ਤੋਂ ਜਿਹੜੀ ਪੀੜ ਪੈਦਾ ਹੁੰਦੀ ਹੈ... ਜੋ ਤਕਲੀਫ ਹੁੰਦੀ ਹੈ ਉਹੀ ਦੁਖਾਂਤ ਹੈ।

ਬੱਚਾ: ਦਾਦਾ ਜੀ...  ਇਹ ਵੰਡ ਤਾਂ ਸਮਝ ਆ ਗਈ... ਪਰ ਇਹ

ਦੁਖਾਂਤ...ਵੰਡ...ਦੁਖਾਂਤ...

ਦਾਦਾ ਜੀ: ਆ, ਦੱਸਦਾ ਹਾਂ...

ਗੀਤ: ਆਓ ਬੱਚੋ ਤੁਮਹੇਂ ਦਿਖਾਏਂ, ਝਾਕੀ ਹਿੰਦੋਸਤਾਨ ਕੀ

ਇਸ ਮਿੱਟੀ ਕੋ ਤਿਲਕ ਕਰੋ ਯਹ ਧਰਤੀ ਹੈ ਬਲਿਦਾਨ ਕੀ

ਵੰਦੇ ਮਾਤਰਮ......ਵੰਦੇ ਮਾਤਰਮ....

ਆਓ ਬੱਚੋ ਤੁਮਹੇਂ ਦਿਖਾਏਂ, ਝਾਕੀ ਹਿੰਦੋਸਤਾਨ ਕੀ

ਇਸ ਮਿੱਟੀ ਕੋ ਤਿਲਕ ਕਰੋ ਯਹ ਧਰਤੀ ਹੈ ਬਲਿਦਾਨ ਕੀ

ਵੰਦੇ ਮਾਤਰਮ......ਵੰਦੇ ਮਾਤਰਮ....

ਬੱਚਾ: ਦਾਦਾ ਜੀ... ਸਾਨੂੰ ਚੰਗੀ ਤਰਾਂ ਦੱਸੋ ਨਾ... ਇਹ ਵੰਡ ਕਿਵੇਂ ਹੋਈ।

ਸੀ।

ਦਾਦਾ ਜੀ: ਦੱਸਦਾਂ... ਦੱਸਦਾਂ... ਵੰਡ ਬਾਰੇ... ਸਾਡੇ ਦੇਸ਼ ਦੀ ਵੰਡ ਬਾਰੇ ਦੱਸਦਾਂ.......

ਧਿਆਨ ਨਾਲ ਸੁਣੋ... ਵੰਡ ਦੇ ਬਾਰੇ ਇਤਿਹਾਸਕਾਰਾਂ ਦਾ ਜੋ ਦ੍ਰਿਸ਼ਟੀਕੋਣ ਹੈ। ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੋ..। ਸਾਡੇ ਦੇਸ਼ ਨੂੰ ਧਰਮ ਦੇ ਨਾਮ ਤੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਲੱਖਾਂ ਲੋਕ ਏਧਰੋਂ ਓਧਰ ਨੱਸਣ ਲੱਗੇ। ਚਾਰੋਂ ਪਾਸੇ ਭਗਦੌੜ ਮਚ ਗਈ। ਲੱਖਾਂ ਲੋਕ ਬੇਘਰ ਹੋ ਗਏ।

ਗੀਤ- ਹੈ ਪ੍ਰੀਤ ਜਹਾਂ ਕੀ ਰੀਤ ਸਦਾ

ਮੈਂ ਗੀਤ ਵਹਾਂ ਕੇ ਗਾਤਾ ਹੂੰ
ਭਾਰਤ ਕਾ ਰਹਿਨੇ ਵਾਲਾ ਹੂੰ
ਭਾਰਤ ਕੀ ਬਾਤ ਸੁਨਾਤਾ ਹੂੰ

ਸੂਤਰਧਾਰ ਇੱਕ : ਅਖੰਡ ਭਾਰਤ ਦੀ ਵੰਡ ਮਨੁੱਖੀ ਉਜਾੜੇ ਅਤੇ ਮਜਬੂਰੀ ਵਿੱਚ ਪਲਾਇਨ ਕਰਨ ਦਾ ਇੱਕ ਬੇਮਿਸਾਲ ਦਰਦਨਾਕ ਕਾਲਾ ਇਤਿਹਾਸ ਹੈ।

ਸੂਤਰਧਰ ਦੋ: ਇਹ ਇੱਕ ਅਜਿਹੀ ਘਟਨਾ ਹੈ ਜਿਸ ਵਿੱਚ ਲੱਖਾਂ ਲੋਕ ਅਜਨਬੀਆਂ ਵਿੱਚ ਜਾ ਕੇ ਬਿਲਕੁਲ ਵਿਰੋਧੀ ਹਾਲਤਾਂ ਵਿੱਚ ਨਵਾਂ ਆਸ਼ਿਆਨਾ ਤਲਾਸ਼ ਰਹੇ ਸਨ।

ਸੂਤਰਧਾਰ ਇੱਕ: ਵਿਸ਼ਵਾਸ ਅਤੇ ਧਰਮ ਦੇ ਆਧਾਰ ਤੇ ਇੱਕ ਹਿੰਸਕ ਵੰਡ ਦੀ ਕਹਾਣੀ

ਤੋਂ ਇਲਾਵਾ, ਇਸ ਗੱਲ ਦੀ ਕਹਾਣੀ ਵੀ ਹੈ ਕਿ ...

ਸੂਤਰਧਾਰ ਦੋ : ਕਿਵੇਂ ਇੱਕ ਜੀਵਨ ਸ਼ੈਲੀ ਅਤੇ ਸਾਲਾਂ ਪੁਰਾਣੀ ਸਹਿ-ਹੋਂਦ ਦਾ ਯੁੱਗ ਅਚਾਨਕ ਨਾਟਕੀ ਢੰਗ ਨਾਲ ਖ਼ਤਮ ਹੋ ਗਿਆ।

ਸੂਤਰਧਾਰ ਇੱਕ : ਲਗਭਗ 60 ਲੱਖ ਹਿੰਦੂ ਸਿੱਖ ਅਤੇ ਹੋਰ ਭਾਈਚਾਰਿਆਂ ਦੇ ਲੋਕ ਇੱਕ ਇਲਾਕੇ ਚੋਂ ਨਿੱਕਲ ਕੇ ਆਏ, ਜੋ ਬਾਅਦ ਵਿਚ ਪੱਛਮੀ ਪਾਕਿਸਤਾਨ ਬਣ ਗਿਆ।

ਸੂਤਰਧਾਰ ਦੋ: 65 ਲੱਖ ਮੁਸਲਮਾਨ ਪੰਜਾਬ, ਦਿੱਲੀ ਅਤੇ ਭਾਰਤ ਦੇ ਕਈ ਹਿੱਸਿਆਂ ਤੋਂ ਪੱਛਮੀ ਪਾਕਿਸਤਾਨ ਚਲੇ ਗਏ।

ਸੂਤਰਧਾਰ ਇੱਕ: 20 ਲੱਖ ਹਿੰਦੂ ਅਤੇ ਹੋਰ ਭਾਈਚਾਰਿਆਂ ਦੇ ਲੋਕ ਪੂਰਬੀ ਬੰਗਾਲ, ਜੋ ਬਾਅਦ ਵਿੱਚ ਪੂਰਬੀ ਪਾਕਿਸਤਾਨ ਬਣਿਆ, ਉਸਨੂੰ ਛੱਡ ਕੇ ਪੱਛਮੀ ਬੰਗਾਲ ਆ ਗਏ।

ਸੂਤਰਧਾਰ ਦੋ: 1950 ਵਿੱਚ 20 ਲੱਖ ਹਿੰਦੂ ਅਤੇ ਹੋਰ ਫਿਰਕਿਆਂ ਦੇ ਲੋਕ ਪੱਛਮੀ ਬੰਗਾਲ ਆ ਗਏ।

ਸੂਤਰਧਾਰ ਇੱਕ : 10 ਲੱਖ ਮੁਸਲਮਾਨ ਪੱਛਮੀ ਬੰਗਾਲ ਨੂੰ ਛੱਡ ਕੇ ਪੂਰਬੀ ਪਾਕਿਸਤਾਨ ਚਲੇ ਗਏ

ਸੂਤਰਧਾਰ ਦੋ: ਇਸ ਤਬਾਹੀ ਵਿੱਚ ਮਰਨ ਵਾਲਿਆਂ ਦੀ ਗਿਣਤੀ 5 ਲੱਖ ਦੇ ਕਰੀਬ ਦੱਸੀ ਜਾਂਦੀ ਹੈ।

ਸੂਤਰਧਾਰ ਦੋ : ਪਰ ਅਨੁਮਾਨ ਏ ਕੇ ਇਹ ਅੰਕੜਾ ਪੰਜ ਤੋਂ 10 ਲੱਖ ਦੇ ਵਿਚਕਾਰ ਹੈ।

ਸੂਤਰਧਾਰ ਇੱਕ : ਸਦੀਆਂ ਪੁਰਾਣੇ ਸਮਾਜਿਕ ਤਾਣੇ- ਬਾਣੇ ਅਤੇ ਵਿਸ਼ਵਾਸ ਦਾ ਨਾਤਾ ਟੁੱਟਿਆ।

ਗੀਤ:  ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਛੁੱਟ ਗਈ ਜ਼ਿੰਦਗੀ, ਗੁਆਚ ਗਈਆਂ ਯਾਰੀਆਂ

ਛੁੱਟ ਗਈ ਜ਼ਿੰਦਗੀ , ਗੁਆਚ ਗਈਆਂ ਯਾਰੀਆਂ

ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਛੁੱਟ ਗਈ ਜ਼ਿੰਦਗੀ, ਗੁਆਚ ਗਈਆਂ ਯਾਰੀਆਂ

ਛੁੱਟ ਗਈ ਜ਼ਿੰਦਗੀ , ਗੁਆਚ ਗਈਆਂ ਯਾਰੀਆਂ

ਬੱਚਾ: ਦਾਦਾ ਜੀ... ਇਨ੍ਹਾਂ ਲੋਕਾਂ ਦੇ ਘਰ ਅਤੇ ਸਭ ਕੁਝ ਖੋਹ ਲਿਆ ਗਿਆ ਹੈ। ਮੈਨੂੰ ਤਾਂ ਸੁਣ ਕੇ ਹੀ ਡਰ ਲਗਦੈ।

ਦਾਦਾ ਜੀ: ਡਰਨ ਦੀ  ਗੱਲ ਤਾਂ ਹੈ ਹੀ, ਬੱਚੇ...  ਸੋਚੋ ਜਿਨ੍ਹਾਂ ਲੋਕਾਂ ਨੇ ਇਹ ਸੱਭ ਝੱਲਿਆ  ਉਹਨਾਂ 'ਤੇ ਕੀ ਗੁਜਰੀ  ਹੋਵੇਗੀ?

ਬੱਚਾ: ਦਾਦਾ ਜੀ...ਉੱਥੇ ਮੇਰੇ ਵਰਗੇ ਬੱਚੇ ਵੀ ਹੋਣਗੇ...ਉਨ੍ਹਾਂ ਦਾ ਕੀ ਹਾਲ ਹੋਇਆ ਹੋਵੇਗਾ?

ਦਾਦਾ : ਹਾਂ...ਤੁਹਾਡੇ ਵਰਗੇ ਲੱਖਾਂ ਬੱਚੇ ਸਨ ਜਿਨ੍ਹਾਂ ਨੇ ਇਸ ਦ੍ਰਿਸ਼ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਤੇ ਅੱਜ ਵੀ ਉਹ ਇਹ ਦ੍ਰਿਸ਼ ਯਾਦ ਕਰਕੇ ਕੰਬ ਜਾਂਦੇ ਹਨ।

ਬੱਚਾ: ਮੈਨੂੰ ਹੋਰ ਦੱਸੋ ਨਾ, ਦਾਦਾ ਜੀ...

ਦਾਦਾ: ਦੱਸਦਾ ਹਾਂ... ਤਾਂ ਸੁਣ ਪੁੱਤਰ.

ਗੀਤ: ਇਹ ਦੇਖੋ ਬੰਗਾਲ ਇਸਦਾ, ਹਰ ਕੋਨਾ ਹਰਿਆਲਾ ਹੈ,

ਇੱਥੋਂ ਦਾ ਹਰ ਬੱਚਾ, ਆਪਣੇ ਦੇਸ਼ ਲਈ ਮਰਨੇ ਵਾਲਾ ਹੈ।
ਆਓ ਬੱਚੋ ਤੁਮਹੇਂ ਦਿਖਾਏਂ ਝਾਕੀ ਹਿੰਦੋਸਤਾਨ ਕੀ...
ਇਸ ਮਿੱਟੀ ਨੂੰ ਤਿਲਕ ਕਰੋ, ਇਹ ਧਰਤੀ ਹੈ ਬਲਿਦਾਨ ਦੀ
ਵੰਦੇ ਮਾਤਰਮ, ਵੰਦੇ ਮਾਤਰਮ ............................
ਵੰਦੇ ਮਾਤਰਮ, ਵੰਦੇ ਮਾਤਰਮ............................

ਟੀਚਰ : ਸਿੱਟ ਡਾਊਨ...

ਬੱਚੇ: ਗੁੱਡ ਮਾਰਨਿੰਗ

ਅਧਿਆਪਕ: ਗੁੱਡ ਮਾਰਨਿੰਗ

ਬੱਚੇ : ਸਰ....ਸੁਣੋ ਨਾ... ਤੁਸੀਂ ਵੰਡ ਬਾਰੇ ਕੁੱਝ ਦੱਸ ਰਹੇ ਸੀ। ਤੁਸੀ ਕਿਹਾ ਸੀ ਕਿ ਬਹੁਤ ਕੁੱਝ ਗੁਆ ਲਿਆ। ਹੁਣ ਹੋਰ ਦੱਸੋ ਨਾ ਵੰਡ ਦੇ ਬਾਰੇ ਕੀ ਹੋਇਆ.....

ਅਧਿਆਪਕ: 20 ਫਰਵਰੀ, 1947 ਨੂੰ, ਬ੍ਰਿਟਿਸ਼ ਪ੍ਰਧਾਨ ਮੰਤਰੀ ਕਲੇਮੈਂਟ ਐਟਲੀ ਨੇ ਹਾਊਸ ਆਫ ਕਾਮਨਜ਼ ਵਿੱਚ ਘੋਸ਼ਣਾ ਕੀਤੀ ਸੀ……

ਬੱਚਾ: ਸਰ...ਇਸ ਤੋਂ ਅਗਾਂਹ ਮੈਂ ਦੱਸਦੀ ਹਾਂ ....ਮੈਨੂੰ ਸੱਭ ਪਤਾ ਹੈ....

ਟੀਚਰ : ਹਾਂ...ਦੱਸੋ...

ਬੱਚਾ 1: ਹਾਂ... ਤਾਂ ਦੋਸਤੋ... ਸਰਕਾਰ ਨੇ 30 ਜੂਨ 1948 ਤੋਂ ਪਹਿਲਾਂ.......

ਅਧਿਆਪਕ: ਏ ਪੂਨਮ... ਉੱਥੇ ਨਹੀਂ... ਇੱਥੇ ਆ ਕੇ ਸਭ ਨੂੰ ਦੱਸੋ..

ਬੱਚਾ 2: ਹਾਂ ਸਰ...ਹਾਂ...ਤਾਂ ਦੋਸਤੋ...ਸਰਕਾਰ ਨੇ...30 ਜੂਨ, 1948 ਤੋਂ ਪਹਿਲਾਂ...ਸੱਤਾ ਦਾ ਤਬਾਦਲਾ ਕਰਕੇ ਭਾਰਤ ਛੱਡਣ ਦਾ ਫੈਸਲਾ ਕੀਤਾ ਹੈ।

ਬੱਚਾ 3 : ਸਰ ਮੈਂ.....

ਟੀਚਰ : ਹਾਂ ਦੱਸੋ...

ਬੱਚਾ 4: ਹਾਲਾਂਕਿ ਇਸ ਪੂਰੀ ਪ੍ਰਕਿਰਿਆ ਨੂੰ ਲਾਰਡ ਮਾਊਂਟਬੈਟਨ ਦੀ ਵਜ੍ਹਾ ਨਾਲ ਇੱਕ ਸਾਲ ਪਹਿਲਾਂ ਹੀ ਤੇਜ਼ ਕਰ ਗਿਆ ਸੀ।

ਬੱਚਾ 5: ਲਾਰਡ ਮਾਊਂਟਬੈਟਨ ਸੱਤਾ ਤਬਾਦਲੇ ਲਈ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ 31 ਮਈ,1947 ਨੂੰ ਲੰਡਨ ਤੋਂ ਨਵੀਂ ਦਿੱਲੀ ਪਰਤਿਆ ਸੀ।

ਬੱਚਾ 6 : ਮੈਨੂੰ ਵੀ ਯਾਦ ਆਇਆ.... 2 ਜੂਨ, 1947 ਨੂੰ, ਇੱਕ ਇਤਿਹਾਸਕ ਮੀਟਿੰਗ ਵਿੱਚ ਵੰਡ ਦੀ ਯੋਜਨਾ ਬਾਰੇ ਆਮ ਸਹਿਮਤੀ ਬਣ ਗਈ ਸੀ।

ਬੱਚਾ 7 : ਭਾਰਤ ਦੀ ਵੰਡ ਦਾ ਫੈਸਲਾ ਇੱਕ ਪੂਰਵ ਸ਼ਰਤ ਵਾਂਗ ਸੀ। ਭਾਰਤ ਵਰਗੇ ਦੇਸ਼ ਦੀ ਵੰਡ ਧਾਰਮਿਕ ਆਧਾਰ 'ਤੇ ਹੋਵੇ , ਇਸ ਯੋਜਨਾ ਦਾ ਵੱਡੀ ਪੱਧਰ ਤੇ ਵਿਰੋਧ ਹੋਇਆ।

ਬੱਚਾ 1 : ਕਿਹਾ ਜਾਂਦਾ ਹੈ ਕਿ ਜੋ ਆਗੂ ਇਸ ਵੰਡ ਲਈ ਮਾਨਸਿਕ ਤੌਰ 'ਤੇ ਤਿਆਰ ਸਨ, ਉਹ ਉਹੀ ਸਨ ਜਿਨ੍ਹਾਂ ਨੇ ਇਸ ਵਿਚ ਆਪਣਾ ਹਿੱਤ ਦੇਖਿਆ ਅਤੇ ਜਿਨ੍ਹਾਂ ਨੂੰ ਇੱਕ ਚੰਗੇਰਾ ਭਵਿੱਖ ਨਜ਼ਰ ਆ ਰਿਹਾ ਸੀ।

ਅਧਿਆਪਕ : ਅਰੇ ਵਾਹ ਬੱਚਿਓ....... ਤੁਹਾਨੂੰ ਤਾਂ ਬਹੁਤ ਕੁੱਝ ਪਤੈ.....ਹੁਣ ਇਸ ਤੋਂ ਪਹਿਲਾਂ ਕਿ ਅੱਗੇ ਦੀ ਕਲਾਸ ਸ਼ੁਰੂ ਕਰੀਏ, ਇੱਕ ਛੋਟਾ ਜਿਹਾ ਬ੍ਰੇਕ ਲੈ ਲੈਨੇ ਆਂ।

ਬੱਚੇ : ਠੀਕ ਹੈ ਸਰ....

ਗੀਤ: ਵੰਦੇ ਮਾਤਰਮ, ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ, ਵੰਦੇ ਮਾਤਰਮ

ਸੂਤਰਧਾਰ 1 : ਭਰਾ, ਤੁਹਾਡਾ ਵੰਡ ਨੂੰ ਲੈ ਕੇ ਕੀ ਖਿਆਲ ਹੈ?

ਸੂਤਰਧਾਰ 2 : ਮੇਰੇ ਵੀਰ, ਵੰਡ ਦੀ ਗੱਲ ਕਰਨ ਨਾਲ ਸਮਾਜ ਵਿਚ ਸੁਧਾਰ ਹੋਵੇਗਾ। ਵੱਖ ਵੱਖ ਫਿਰਕਿਆਂ ਨੂੰ ਆਪਣੇ ਅਧਿਕਾਰ ਮਿਲਣਗੇ।

ਸੂਤਰਧਾਰ 2: ਨਹੀਂ ਨਹੀਂ, ਵੰਡ ਨਾਲ ਅਜਿਹਾ ਕੁੱਝ ਵੀ ਨਹੀਂ ਹੋਏਗਾ, ਭਾਈ ਏਕਤਾ ਨਾਲ ਹੀ ਸਮਾਜ ਦਾ ਵਿਕਾਸ ਹੋ ਸਕਦਾ ਹੈ। ਸਾਨੂੰ ਸਾਰਿਆਂ ਨੂੰ ਇੱਕ ਮੁੱਠ ਹੋ ਕੇ ਪ੍ਰਗਤੀ ਦੀ ਰਾਹ ਤੇ ਅੱਗੇ ਵਧਣਾ ਚਾਹੀਦਾ ਹੈ।

ਸੂਤਰਧਾਰ 2 : ਤੇਰੀਆਂ ਗੱਲਾਂ ਵਧੀਆ ਨੇ... ਪਰ ਸਚਾਈ ਏਹ ਹੈ ਕਿ ਵੰਡ ਨਾਲ ਹੀ ਸੱਭ ਕੁੱਝ ਸੰਭਵ ਹੁੰਦਾ ਹੈ।

ਸੂਤਰਧਾਰ 1 : ਨਹੀਂ ਨਹੀਂ...ਸਾਨੂੰ ਸਾਰਿਆਂ ਨੂੰ ਮਿਲ ਕੇ ਦੇਸ਼ ਨੂੰ ਪ੍ਰਗਤੀ ਦੇ ਰਾਹ ਤੇ ਲਿਜਾਣਾ ਚਾਹੀਦਾ ਹੈ। ਅਤੇ ਵੰਡ ਦੀ ਪੀੜ ਨੂੰ ਮਿਟਾਉਣਾ ਚਾਹੀਦਾ ਹੈ।

ਸੂਤਰਧਾਰ 2 : ਤੈਨੂੰ ਕੀ ਲਗਦਾ ਹੈ......ਅਸੀਂ ਸਾਰੇ ਮਿਲ ਕੇ ਇਸ ਸੰਦੇਸ਼ ਨੂੰ ਅਪਣਾ ਸਕਾਂਗੇ।

ਸੂਤਰਧਾਰ 1 : ਕਿਉਂ ਨਹੀਂ ਅਪਣਾਵਾਂਗੇ....ਇਸ ਵਾਸਤੇ ਸਾਨੂੰ ਸਾਰਿਆਂ ਨੂੰ ਇੱਕ ਜੁੱਟ ਹੋ ਕੇ ਰਹਿਣਾ ਪਏਗਾ ਅਤੇ ਇੱਕਮੁੱਠਤਾ ਹੀ ਸਾਡੀ ਵਿਰਾਸਤ ਹੈ ਇਸ ਨੂੰ ਸੰਭਾਲ ਕੇ ਰੱਖਣਾ ਹੈ।

ਸੂਤਰਧਾਰ 2 : ਠੀਕ ਹੈ , ਹੁਣ ਮੈਨੂੰ ਅਖੰਡ ਭਾਰਤ ਦੀ ਵੰਡ ਸਮੇਂ ਹੋਰ ਕੀ ਕੀ ਹੋਇਆ ਉਹ ਤਾਂ ਦੱਸੋ।

ਸੂਤਰਧਾਰ 1 : ਇਸ ਬਾਰੇ ਤਾਂ ਤੈਨੂੰ ਉਹੀ ਲੋਕ ਦੱਸਣਗੇ, ਜਿਨ੍ਹਾਂ ਨੇ ਇਸ ਨੂੰ ਸਹਿਆ ਹੈ।

ਗੀਤ : ਵੰਦੇ ਮਾਤਰਮ, ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ, ਵੰਦੇ ਮਾਤਰਮ

ਬੱਚੇ : ਗੁੱਡ ਆਫਟਰ ਨੂਨ ਸਰ....

ਅਧਿਆਪਕ : ਗੁੱਡ ਆਫਟਰ ਨੂਨ....ਸਿੱਟ ਡਾਊਨ....ਹਾਂ ਤਾਂ ਅੱਗੇ ਚੱਲੀਏ....ਤਾਂ ਅਗੇ ਸੁਣੋ...ਲਓ ਸੁਣੋ...ਸਰਬ ਭਾਰਤੀ ਮੁਸਲਿਮ ਲੀਗ ਦੀ ਬੈਠਕ 9 ਜੂਨ, 1947 ਨੂੰ ਨਵੀਂ ਦਿੱਲੀ ਦੇ ਇੰਪੀਰੀਅਲ ਹੋਟਲ ਵਿੱਚ ਹੋਈ।

ਬੱਚਾ : ਭਾਰਤੀ ਮੁਸਲਿਮ ਲੀਗ ਦੇ ਨਾਲ ਨਾਲ ਉਸ ਸਮੇਂ ਕਾਂਗਰਸ ਅਤੇ ਅਨੇਕਾਂ ਨੇਤਾਵਾਂ ਦੀ ਅਸਮਰਥਾ ਸੀ ਜਾਂ ਗ਼ੈਰ-ਵਾਜਿਬ ਇਛਾਵਾਂ ਕਾਰਣ ਇਸ ਕਦਮ ਦਾ ਪੁਰਜ਼ੋਰ ਵਿਰੋਧ ਨਹੀਂ ਹੋ ਸਕਿਆ। ਕਾਂਗਰਸ ਦੇ ਨੇਤਾ ਪੰਡਿਤ ਜਵਾਹਰਲਾਲ ਨਹਿਰੂ ਅਤੇ ਮੁਸਲਿਮ ਲੀਗ ਦੇ ਜਿਨਾਹ ਦੇ ਆਪਸੀ ਵਿਰੋਧ ਡਾ ਨਤੀਜਾ ਦੇਸ਼ ਨੂੰ ਵੰਡ ਦੇ ਰੂਪ ਵਿਚ ਝੱਲਣਾ ਪਿਆ।

ਬੱਚਾ 1 : ਜੀ ਸਰ...ਸਰ... ਇਸ ਤੋਂ ਅੱਗੇ ਦੀ ਗੱਲ ਦਾ ਵੀ ਮੈਨੂੰ ਪਤੈ....

ਅਧਿਆਪਕ : ਅਰੇ ਪੂਨਮ ਤੈਨੂੰ ਤਾਂ ਸੱਭ ਕੁਝ ਪਤੈ.... ਵੈਸੇ ਵੀ ਗਿਆਨ ਵੰਡਣ ਨਾਲ ਵਧਦਾ ਹੈ...ਵੰਡੋ ਗਿਆਨ..

ਬੱਚਾ 1 : ਦੋਸਤੋ... ਵੰਡ ਦੀ ਮੰਗ ਵਾਲਾ ਮਤਾ ਉਥੇ ਲਗਭਗ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਬੱਚਾ 2 : ਉਸਦੇ ਹੱਕ ਵਿਚ 300 ਅਤੇ ਵਿਰੋਧ ਵਿਚ 10 ਵੋਟ ਪਏ।

ਬੱਚਾ 3 : ਦੇਖਦੇ ਹੀ ਦੇਖਦੇ ਭਾਰਤ ਅਤੇ ਪਾਕਿਸਤਾਨ ਦੋ ਹਿੱਸਿਆਂ 'ਚ ਤਕਸੀਮ ਹੋ ਗਿਆ।

ਬੱਚਾ 5 : ਧਰਮ ਦੇ ਆਧਾਰ 'ਤੇ ਬੰਗਾਲ ਦਾ ਪੂਰਬੀ ਹਿੱਸਾ ਵੀ ਤਕਸੀਮ ਹੋ ਕੇ ਪਾਕਿਸਤਾਨ ਵਿਚ ਸ਼ਾਮਿਲ ਹੋ ਗਿਆ।

ਬੱਚਾ 3 : ਤੇ ਹੋਰ ਸੁਣੋ... ਭਾਰਤੀ ਮੁਸਲਿਮ ਲੀਗ ਦੇ ਕਈ ਨੇਤਾ ਪਾਕਿਸਤਾਨ ਨਾਮ ਦੇ ਨਵੇਂ ਦੇਸ਼ ਨੂੰ ਦੋ ਹਿੱਸਿਆਂ ਪੂਰਬ ਅਤੇ ਪੱਛਮ ਵਿੱਚ ਵੰਡੇ ਜਾਣ ਤੋਂ ਨਾਖੁਸ਼ ਸਨ।

ਬੱਚਾ 4 : ਮੈਨੂੰ ਯਾਦ ਆਇਆ... ਜਿਵੇਂ ਕਿ ਸਮੇਂ ਨੇ ਸਾਬਿਤ ਕਰ ਦਿੱਤਾ, ਇਹ ਬਿਲਕੁਲ ਵੀ ਕੋਈ ਵਿਹਾਰਕ ਵਿਚਾਰ ਨਹੀਂ ਸੀ।

ਬੱਚਾ 5 : ਤੇ ਅੱਗੇ ਜਾ ਕੇ ਇਹ ਸਿੱਧ ਵੀ ਹੋ ਗਿਆ।

ਬੱਚਾ 6 : ਹਾਂ ਫੇਰ... 1971 ਵਿਚ ਪੂਰਬੀ ਪਾਕਿਸਤਾਨ, ਪਾਕਿਸਤਾਨ ਤੋਂ ਅਲੱਗ ਹੋ ਗਿਆ ਅਤੇ ਇੱਕ ਨਵੇਂ ਆਜ਼ਾਦ ਦੇਸ਼ ਦੇ ਰੂਪ ਵਿਚ ਬੰਗਲਾ ਦੇਸ਼ ਕਾਇਮ ਹੋ ਗਿਆ।

ਦਾਦਾ ਜੀ : ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ 1946 ਅਤੇ 1947 ਵਿਚ ਹੋਈ ਫਿਰਕੂ ਹਿੰਸਾ ਦੀ ਵਿਆਪਕਤਾ ਅਤੇ ਕਰੂਰਤਾ ਬਾਰੇ ਕਿਤਾਬਾਂ ਵਿਚ ਕਈ ਥਾਈਂ ਵੇਰਵੇ ਸਹਿਤ ਲਿਖਿਆ ਮਿਲਦਾ ਹੈ। ਇਨ੍ਹਾਂ ਹਿੱਸਿਆਂ ਵਿਚ ਹੀ ਇੱਕ ਬੰਗਾਲ ਵੀ ਸੀ। ਇਸਦੀ ਕਹਾਣੀ ਹਾਲੇ ਮੈਂ ਤੁਹਾਨੂੰ ਦੱਸੀ ਨਹੀਂ।

ਬੱਚਾ ; ਏਥੇ ਕੀ ਹੋਇਆ ਸੀ ਦਾਦਾ ਜੀ....ਦੱਸੋ ਨਾ...

ਦਾਦਾ ਜੀ : ਸੁਣੋ...ਦੱਸਦਾ ਹਾਂ...

ਸੂਤਰਧਾਰ 1 : ਇਹ 4 ਮਾਰਚ 1947 ਦਾ ਦਿਨ ਸੀ। ਪੁਲਿਸ ਨੇ ਹਿੰਦੂਆਂ ਤੇ ਸਿੱਖਾਂ ਦੇ ਇੱਕ ਜਲੂਸ ਤੇ ਗੋਲੀ ਚਲਾ ਦਿੱਤੀ।

ਸੂਤਰਧਾਰ 2 : ਦੇਖਦਿਆਂ ਦੇਖਦਿਆਂ 6 ਮਾਰਚ ਦੀ ਸਵੇਰ ਤੱਕ ਅੰਮ੍ਰਿਤਸਰ, ਜਲੰਧਰ, ਰਾਵਲਪਿੰਡੀ. ਮੁਲਤਾਨ ਅਤੇ ਸਿਆਲਕੋਟ ਸਮੇਤ ਪੰਜਾਬ ਦੇ ਸਾਰੇ ਸ਼ਹਿਰ ਦੰਗਿਆਂ ਦੀ ਲਪੇਟ ਵਿਚ ਆ ਗਏ।

ਸੂਤਰਧਾਰ 1: ਪੰਜਾਬ ਦੇ ਮੁਕਾਬਲੇ, ਬੰਗਾਲ ਵਿੱਚ ਉਜਾੜੇ ਅਤੇ ਪੁਨਰਵਾਸ ਦਾ ਇੱਕ ਵੱਖਰਾ ਕਿਰਦਾਰ ਸੀ, ਜੋ ਦਹਾਕਿਆਂ ਤੱਕ ਚੱਲਿਆ।

ਸੂਤਰਧਾਰ 2 : ਬੰਗਾਲ ਦੇ ਲੋਕ ਬਹੁਤ ਹੀ ਬਦਕਿਸਮਤ ਸਨ...

ਸੂਤਰਧਾਰ 1 : ਕਿਉਂ.....

ਸੂਤਰਧਾਰ 2: ਕਿਉਂਕਿ .....ਬੰਗਾਲ ਦੇ ਲੋਕਾਂ ਨੂੰ ਦੋ ਵਾਰ ਉਜਾੜੇ ਦਾ ਸਾਹਮਣਾ ਕਰਨਾ ਪਿਆ...

ਸੂਤਰਧਾਰ 1 ; ਦੋ...ਦੋ....ਵਾਰ....

ਸੂਤਰਧਾਰ 2 : ਹਾਂ.. ਦੋ..ਦੋ.. ਵਾਰ.....

ਸੂਤਰਧਾਰ 1: ਪਹਿਲਾ, ਉਨ੍ਹਾਂ ਨੂੰ ਆਪਣੇ ਘਰ ਛੱਡ ਕੇ ਪੂਰਬ ਵੱਲ ਪਾਕਿਸਤਾਨ ਆਉਣਾ ਪਿਆ ...

ਸੂਤਰਧਾਰ 2 :  ਫਿਰ ਉਨ੍ਹਾਂ ਨੂੰ ਉੱਥੋਂ ਭੱਜ ਕੇ ਪੱਛਮੀ ਬੰਗਾਲ ਆਉਣਾ ਪਿਆ..
.
ਸੂਤਰਧਾਰ 2 : ਭਰਾ ... ਉੱਥੇ ਦੇ ਅਧਿਕਾਰੀਆਂ ਨੇ ਵੰਡ ਕਾਰਣ ਪੈਦਾ ਹੋਏ ਸੰਕਟ ਦੀ ਗੰਭੀਰਤਾ ਨੂੰ ਚੰਗੀ ਤਰਾਂ ਨਾ ਸਮਝਿਆ ...

ਸੂਤਰਧਾਰ 1: ਹਜ਼ਾਰਾਂ  ਹਿੰਦੂ ਪਰਿਵਾਰ ਢਾਕਾ ਅਤੇ ਇਸ ਦੇ ਲਾਗਲੇ ਇਲਾਕਿਆਂ ਚੋਂ  ਨੱਸ ਕੇ ਸੀਆਲਦਾਹ ਆ ਗਏ...

ਸੂਤਰਧਾਰ 2:  ਉਥੇ ਵੀ  ਉਹ ਆਸਾਨੀ ਨਾਲ ਨਹੀਂ ਪਹੁੰਚੇ ... ਰਸਤੇ ਵਿੱਚ ਔਰਤਾਂ ਦੇ ਗਹਿਣੇ ਖੋਹ ਲਏ ਗਏ  ... ਉਹਨਾਂ ਨੂੰ ਕਈ ਤਰੀਕਿਆਂ ਨਾਲ ਤਸੀਹੇ ਦਿੱਤੇ ਗਏ ...

ਸੂਤਰਧਾਰ 1: ਬੱਚੀਆਂ, ਔਰਤਾਂ ਅਤੇ ਬਜ਼ੁਰਗਾਂ ਨਾਲ ਅਣਮਨੁੱਖੀ ਸਲੂਕ ਕੀਤਾ ਗਿਆ...

ਸੂਤਰਧਾਰ  2:  ਔਰਤਾਂ ਹੋਣ ਜਾਂ ਬੱਚੇ ਜਾਂ ਬਜ਼ੁਰਗ... ਹਰ ਕਿਸੇ ਨਾਲ ਦੁਰਵਿਹਾਰ ਕੀਤਾ ਗਿਆ...

ਸੂਤਰਧਾਰ 1 : ਹਾਂ, ਇਹ ਸੱਚ ਹੈ... ਵੰਡ ਦੌਰਾਨ ਔਰਤਾਂ ਨੂੰ ਬਹੁਤ ਦੁੱਖ ਝੱਲਣਾ ਪਿਆ ।

ਸੂਤਰਧਾਰ 2 : ਲੱਖਾਂ ਪਰਿਵਾਰ ਆਪਣੇ ਅਜ਼ੀਜ਼ਾਂ ਤੋਂ ਵਿਛੜ ਗਏ ।

ਸੂਤਰਧਾਰ 1: ਇੰਨਾ ਹੀ ਨਹੀਂ, ਜਿਊਂਦੇ ਜੀਅ ਰੇਲ ਗੱਡੀਆਂ ਵਿੱਚ ਚੜ੍ਹੇ ਲੋਕ ਲਾਸ਼ਾਂ ਦੇ ਢੇਰ ਬਣ ਕੇ ਪਹੁੰਚੇ...

**ਬੱਚਾ ਰੋਣ ਲੱਗ ਜਾਂਦਾ ਹੈ...**

ਦਾਦਾ:  ਨਾ ਰੋ... ਚੁੱਪ ਕਰ ਬੇਟਾ।

ਬੱਚਾ: ਦਾਦਾ ਜੀ... ਢਾਕਾ ਤੋਂ ਆਏ ਸ਼ਰਨਾਰਥੀਆਂ ਦਾ ਕੀ ਹੋਇਆ, ਜਿਨ੍ਹਾਂ ਦਾ ਸੱਭ ਕੁਝ ਲੁੱਟ ਗਿਆ ਸੀ?

ਦਾਦਾ: ਇਹ ਵੀ ਇਕ ਅਜਬ ਕਹਾਣੀ ਹੈ, ਬੱਚੇ... ਜਿਵੇਂ ਉਹ ਕਹਿੰਦੇ ਹਨ, ਨਾ ਘਰ ਦੇ ਨਾ ਘਾਟ ਦੇ...

ਬੱਚਾ: ਇਵੇਂ ਕਿਉਂ?

ਦਾਦਾ ਜੀ : ਉਹ ਆਪਣਾ ਘਰ ਛੱਡ ਕੇ ਇੱਥੇ ਆ ਗਏ ਸਨ... ਤੇ ਇੱਥੇ ਵੀ ਆ ਕੇ ਉਹ ਸ਼ਰਨਾਰਥੀ ਬਣ ਕੇ ਰਹਿ ਗਏ...

ਗੀਤ: ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਛੁੱਟ ਗਈ ਜ਼ਿੰਦਗੀ, ਗੁਆਚ ਗਈਆਂ ਯਾਰੀਆਂ

ਛੁੱਟ ਗਈ ਜ਼ਿੰਦਗੀ , ਗੁਆਚ ਗਈਆਂ ਯਾਰੀਆਂ

ਪਾਤਰ 3: ਪੂਰਬੀ ਪਾਕਿਸਤਾਨ ਤੋਂ ਇੰਨੇ ਲੋਕ ਬੰਗਾਲ ਆਏ ਕਿ ਕਿਸੇ ਦੇ ਘਰ ਵਿਚ ਇਕ ਇੰਚ ਵੀ ਜਗ੍ਹਾ ਨਹੀਂ ਬਚੀ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਰੱਖ ਸਕਣ।

ਪਾਤਰ 4: ਪੱਛਮੀ ਬੰਗਾਲ ਸਰਕਾਰ ਨੇ ਚਟਗਾਂਵ, ਨਰਾਇਣਗੰਜ, ਬਾਰੀਸਾਲ ਅਤੇ ਚਾਂਦਪੁਰ ਤੋਂ ਸ਼ਰਨਾਰਥੀਆਂ ਨੂੰ ਕਲਕੱਤਾ ਲਿਆਉਣ ਲਈ ਪੰਦਰਾਂ ਸਟੀਮਰਾਂ ਦਾ ਪ੍ਰਬੰਧ ਕੀਤਾ।

ਪਾਤਰ 3: ਲੋਕ, ਪੂਰਬੀ ਪਾਕਿਸਤਾਨ ਤੋਂ ਜਲ ਮਾਰਗਾਂ ਰਾਹੀਂ ਨੱਸੇ... ਬਹੁਤ ਸਾਰੀਆਂ ਕਿਸ਼ਤੀਆਂ... ਪਾਣੀ ਵਿੱਚ ਡੁੱਬ ਗਈਆਂ... ਕੁਝ ਦਿਨਾਂ ਬਾਅਦ, ਸਮੁੰਦਰ ਦਾ ਪਾਣੀ ਤੈਰਦੀਆਂ ਲਾਸ਼ਾਂ ਨਾਲ ਢੱਕਿਆ ਹੋਇਆ ਸੀ...

ਪਾਤਰ 3 ਅਤੇ 4: ਅਜਿਹਾ ਵੀ ਕੀ ਖਾਸ ਸੀ ਸਾਡੇ ਹਿੱਸੇ ਦੀ ਜ਼ਮੀਨ ਵਿਚ...
ਜਿਸ ਨੂੰ ਹਾਸਿਲ ਕਰਨ ਲਈ ਸਾਡਾ ਸੱਭ ਕੁਝ ਲੁੱਟ ਗਿਆ...

ਪਾਤਰ 3: ਬੰਗਾਲ, ਪੰਜਾਬ, ਗੁਜਰਾਤ, ਸਿੰਧ, ਚਾਰੇ ਪਾਸੇ ਵੰਡ ਦੀ ਅੱਗ ਫੈਲ ਗਈ।

ਪਾਤਰ 4: ਸਿੰਧ ਦੇ ਲੋਕ ਉਜਾੜੇ ਗਏ ਅਤੇ ਇੱਥੇ ਆਏ, ਪਰ... ਪਰ ਸਿੰਧ ਸਾਨੂੰ ਕਦੇ ਨਹੀਂ ਮਿਲਿਆ...

ਸੂਤਰਧਾਰ 1 : ਸਿੰਧ ਤੋਂ ਯਾਦ ਆਇਆ - ਜ਼ਿਆਦਾਤਰ ਸਿੰਧੀ ਪਰਿਵਾਰ ਰਾਜਸਥਾਨ ਵਿਚ ਆਏ ।

(ਇੱਕ ਸਿੰਧੀ ਪਰਿਵਾਰ ਦੇ ਰੂਪ ਵਿੱਚ)

ਸਿੰਧੀ ਆਦਮੀ : ਵੰਡ ਤੋਂ ਬਾਅਦ ਲੱਖਾਂ ਸ਼ਰਨਾਰਥੀ ਔਰਤਾਂ ਪਾਕਿਸਤਾਨ ਤੋਂ ਭਾਰਤ ਆਈਆਂ, ਅਤੇ ਰਾਜਸਥਾਨ ਉਹਨਾਂ ਰਾਜਾਂ ਚੋਂ ਇੱਕ ਸੀ ਜਿੱਥੇ ਸ਼ਰਨਾਰਥੀ ਵੱਡੀ ਪੱਧਰ 'ਤੇ ਪਹੁੰਚੇ।

ਸਿੰਧੀ ਔਰਤ: ਰਾਜਸਥਾਨ ਵਿੱਚ ਸਾਡੇ ਵਰਗੇ ਸ਼ਰਨਾਰਥੀਆਂ ਨੂੰ ਰਾਹਤ ਅਤੇ ਪੁਨਰਵਾਸ ਪ੍ਰਦਾਨ ਕਰਨਾ ਇੱਕ ਇੱਕ ਵੱਡੀ ਚੁਣੌਤੀ ਸੀ।

ਸਿੰਧੀ ਆਦਮੀ : ਸਾਡੇ ਆਉਣ ਨਾਲ ਰਾਜਸਥਾਨ ਦਾ ਸੱਭਿਆਚਾਰਕ ਤਾਣਾਬਾਣਾ ਵੀ ਬਦਲ ਗਿਆ। ਅਸੀਂ ਵੱਖਰੇ ਦਿਸਣ ਲੱਗੇ। ਸਾਡਾ ਸੱਭਿਆਚਾਰ, ਭਾਸ਼ਾ, ਅਤੇ ਰੀਤੀ ਰਿਵਾਜ਼ ਸਭ ਬਦਲ ਗਏ।

ਸਿੰਧੀ ਔਰਤ :ਓਥੇ ਸਿੰਧ ਵਿੱਚ ਵੀ ਸਾਡੇ ਕੋਲ ਕੋਈ ਵੱਡਾ ਕਾਰੋਬਾਰ ਨਹੀਂ ਸੀ। ਮੇਰੇ ਬੱਚਿਆਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਸੀ ।

ਸਿੰਧੀ ਆਦਮੀ : ਓਥੇ ਮੇਰੀ ਦੁਕਾਨਾਂ ਤੇ ਘਰ ਸ਼ਰੇਆਮ ਲੁੱਟ ਲਏ ਗਏ।

ਸਿੰਧੀ ਔਰਤ: ਉਸ ਭਿਆਨਕ ਰਾਤ ਨੂੰ ਕਿਵੇਂ ਯਾਦ ਕਰੀਏ, ਬਾਬੂ... ਜਦੋਂ ਮੈਂ ਆਪਣੇ ਬੱਚਿਆਂ ਨੂੰ ਗੋਦੀ ਚੁੱਕ ਨੱਸੀ ਸੀ।

ਸਿੰਧੀ ਆਦਮੀ: ਭੱਜਦੇ, ਲੁਕਦੇ, ਕਿਸੇ ਤਰ੍ਹਾਂ ਰਾਜਸਥਾਨ ਦੇ ਬੀਕਾਨੇਰ ਇਲਾਕੇ ਵਿੱਚ ਇੱਕ ਦੂਰ ਦੇ ਰਿਸ਼ਤੇਦਾਰ ਦੇ ਘਰ ਪਹੁੰਚੇ।

ਸਿੰਧੀ ਔਰਤ : ਸਾਡੇ ਕਈ ਰਿਸ਼ਤੇਦਾਰ ਰਸਤੇ ਵਿੱਚ ਵਿਛੜ ਗਏ, ਅਤੇ ਅਸੀਂ ਉਦੋਂ ਤੋਂ ਬਾਅਦ ਉਨ੍ਹਾਂ ਨੂੰ ਕਦੇ ਨਹੀਂ ਦੇਖਿਆ। ਕੁਝ ਝੁਨਝੁਨੂ ਵਿੱਚ ਰਹੇ।

ਸਿੰਧੀ ਔਰਤ: ਉਹ ਵੀ ਕਦੋਂ ਤੱਕ ਸਾਡੀ ਮਦਦ ਕਰਦੇ? ਆਖਰ ਸਾਨੂੰ ਸ਼ਰਨਾਰਥੀ ਕੈਂਪ ਵਿਚ ਆਉਣਾ ਪਿਆ। ਹੱਸਦੇ ਖੇਡਦੇ ਪਰਿਵਾਰ , ਪਿੰਡ, ਸ਼ਹਿਰ ਕਿਵੇਂ ਬਰਬਾਦ ਹੁੰਦੇ ਹਨ, ਕੋਈ ਸਾਡੇ ਤੋਂ ਪੁੱਛੇ।

ਬੱਚਾ 4 : ਪਾਕਿਸਤਾਨ ਤੋਂ ਲੋਕ ਜੰਮੂ ਕਸ਼ਮੀਰ ਵੱਲ ਨੱਸੇ , ਪੰਜਾਬ ਵੱਲ ਆਏ, ਗੁਜਰਾਤ, ਬੰਗਾਲ, ਰਾਜਸਥਾਨ ਵੱਲ ਲੱਖਾਂ ਦੀ ਗਿਣਤੀ ਵਿਚ ਆਏ....

(ਦੋਵੇਂ ਫੁੱਟ-ਫੁੱਟ ਕੇ ਰੋਣ ਲੱਗ ਪੈਂਦੇ ਹਨ)

ਗੀਤ: ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਅੱਖਾਂ ਚੋਂ ਵਹਿੰਦੀਆਂ ਇਹ ਦਰਦ ਦੀਆਂ ਧਾਰਾਂ

ਛੁੱਟ ਗਈ ਜ਼ਿੰਦਗੀ, ਗੁਆਚ ਗਈਆਂ ਯਾਰੀਆਂ

ਛੁੱਟ ਗਈ ਜ਼ਿੰਦਗੀ , ਗੁਆਚ ਗਈਆਂ ਯਾਰੀਆਂ

ਬੱਚਾ : ਦਾਦਾ ਜੀ... ਬੱਸ ਹੁਣ ਮੈਂ ਕੁਝ ਨਹੀਂ ਸੁਣਨਾ.....

ਦਾਦਾ ਜੀ : ਹਾਂ, ਮੇਰੇ ਬੱਚੇ.... ਸਾਡੇ ਦੇਸ਼ ਦੇ ਇਤਿਹਾਸ ਦਾ ਇਹ ਕਾਲਾ ਅਧਿਆਏ ਹੈ ਹੀ...ਅਜਿਹਾ ਕਿ ਸੱਭ ਲਈ ਸੁਣਨਾ ਸੌਖਾ ਨਹੀਂ.. ਹਿਰਦੇ ਵੇਧਕ ਘਟਨਾ ਹੈ,, ਇਸਨੂੰ ਸੁਣ ਕੇ ਤਾਂ ਪੱਥਰ ਦਿੱਲ ਇਨਸਾਨ ਵੀ ਪਿਘਲ ਜਾਂਦਾ ਹੈ... ਉਸੀਂ ਤਾਂ ਬੱਚੇ ਹੋ। ਹੁਣ ਮੈਂ ਤੈਨੂੰ ਉਹ ਦੱਸਦਾਂ ਜੋ ਹੁਣ ਸਾਨੂੰ ਭਵਿੱਖ ਕਰਨਾ ਚਾਹੀਦਾ ਹੈ।

ਪਾਤਰ 1 ਅਤੇ 2 : ਜਿੱਥੇ ਜੀਵਨ ਦੀ ਹਰ ਸਵੇਰ ਮੁਸਕਾਨ ਨਾਲ ਖਿੜ ਉੱਠਦੀ ਸੀ... ਉੱਥੋਂ ਦਾ ਮੰਜ਼ਰ ਦੇਖ ਕੇ ਹੰਝੂ ਵੀ ਖੂਨ ਹੋ ਗਏ.....

ਪਾਤਰ 3 ਅਤੇ 4 : ਨਾ ਹੈ ਏਨਾ ਦਰਦ ਤੇਰੇ ਭਾਰ ਦਾ ਕੰਧੇ ਤੇ ...
ਜਦ ਤੋਲਦਾ ਹਾਂ ਇਸਨੂੰ ਦਹਿਸ਼ਤ, ਜੰਗ ਤੇ ਕਰੂਰਤਾ ਨਾਲ ...

ਪਾਤਰ 1: ਉਨ੍ਹਾਂ ਲੱਖਾਂ ਭਾਰਤੀਆਂ ਨੂੰ ਪ੍ਰਣਾਮ.... ਜਿਨ੍ਹਾਂ ਨੇ ਦਹਿਸ਼ਤ ਦੌਰਾਨ ਆਪਣੀਆਂ ਜਾਨਾਂ ਗਵਾਈਆਂ ਅਤੇ ਵੰਡ ਦੇ ਉਜਾੜੇ ਦਾ ਦਰਦ ਝੱਲਿਆ।

ਪਾਤਰ 2 : ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸਾਨੂੰ ਸਾਰਿਆਂ ਨੂੰ ਯਤਨ ਕਰਨੇ ਹੋਣਗੇ।

ਪਾਤਰ 3 : ਬਟਵਾਰੇ ਦੀ ਸਿਆਸੀ ਖੇਡ ਵਿੱਚ ਇੱਕ ਭਰਾ ਦੇ ਮਨ ਵਿੱਚ ਦੂਜੇ ਭਰਾ ਵਿਰੁੱਧ ਜ਼ਹਿਰ ਭਰਿਆ ਗਿਆ ਸੀ।

ਪਾਤਰ 4: ਇਸ ਜ਼ਹਿਰ ਨਾਲ ਬੰਦਾ ਬੰਦੇ ਦਾ ਦੁਸ਼ਮਣ ਬਣ ਗਿਆ, ਬੰਦੇ ਨੇ ਬੰਦੇ ਨੂੰ ਵੰਡਿਆ ਅਤੇ ਬੰਦੇ ਨੇ ਬੰਦੇ ਨੂੰ ਗਵਾਇਆ। ਤੇ ਸਾਡਾ ਅਣਵੰਡਿਆ ਭਾਰਤ ਖੰਡਿਤ ਕਰ ਦਿੱਤਾ ਗਿਆ।

ਦਾਦਾ ਜੀ: ਜੋ ਹੋ ਗਿਆ- ਸੋ ਹੋ ਗਿਆ... ਸੁਣੋ ਸਾਡੇ ਤੇਜੱਸਵੀ ਪ੍ਰਧਾਨ ਮੰਤਰੀ ਜੀ ਨੇ ਕੀ ਕਿਹਾ ਹੈ...

ਪ੍ਰਦਾਨ ਮੰਤਰੀ ਜੀ ਦੀ ਆਵਾਜ਼ : ਦੇਸ਼ ਦੀ ਵੰਡ ਦੇ ਦਰਦ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਨਫਰਤ ਅਤੇ ਹਿੰਸਾ ਦੀ ਵਜ੍ਹਾ ਨਾਲ ਸਾਡੇ ਲੱਖਾਂ ਭੈਣਾਂ ਭਰਾਵਾਂ ਨੂੰ ਉੱਜੜਨਾ ਪਿਆ। ਉਨ੍ਹਾਂ ਲੋਕਾਂ ਦੇ ਸੰਘਰਸ਼ ਅਤੇ ਬਲਿਦਾਨ ਦੀ ਯਾਦ ਵਿੱਚ 14 ਅਗਸਤ ਨੂੰ 'ਵਿਭਾਜਨ ਦਾ ਦੁਖਾਂਤ ਸਿਮਰਤੀ ਦਿਵਸ' ਦੇ ਤੌਰ 'ਤੇ ਮਨਾਉਣ ਦਾ ਨਿਰਣਾ ਲਿਆ ਹੈ।

ਪਾਤਰ 1 : ਸਾਡੇ ਵਿਚਕਾਰ ਜੇਕਰ ਕੋਈ ਛਲ ਧਰਮ ਜਾਂ ਜਾਤ ਨੂੰ ਲੈ ਕੇ ਗੁੰਮਰਾਹ ਕਰੇ, ਜਾਂ ਕੋਈ ਪਰਪੰਚ ਕਰੇ, ਤਾਂ ਅਸੀਂ ਕਦੇ ਬਹਿਕਾਵੇ ਵਿਚ ਨਹੀਂ ਆਵਾਂਗੇ...

ਸਾਰੇ : ਅਸੀਂ ਬਹਿਕਾਵੇ ਵਿਚ ਨਹੀਂ ਆਉਣਾ ......

ਪਾਤਰ 1 : ਭਾਰਤ ਦੇਸ਼ ਨੂੰ ਅਖੰਡ ਰੱਖਣਾ ਹੈ।

ਸਾਰੇ : ਭਾਰਤ ਦੇਸ਼ ਨੂੰ ਅਖੰਡ ਰੱਖਣਾ ਹੈ।

ਪਾਤਰ 4 : ਅਸੀਂ ਹੁਣ ਕਿਸੇ ਸਿਆਸੀ ਝਾਂਸੇ ਵਿੱਚ ਨਹੀਂ ਆਵਾਂਗੇ।

ਸਾਰੇ : ਅਸੀਂ ਹੁਣ ਕਿਸੇ ਸਿਆਸੀ ਝਾਂਸੇ ਵਿੱਚ ਨਹੀਂ ਆਵਾਂਗੇ।

ਪਾਤਰ 4 : ਅਖੰਡਤਾ ਅਤੇ ਇਕਾਗਰਤਾ ਨਾਲ, ਸੁੱਖ ਸ਼ਾਂਤੀ ਦੇ ਨਾਲ ਅਸੀਂ ਆਪਣੀ ਭਾਰਤ ਮਾਤਾ ਦਾ ਵਿਕਾਸ ਕਰਾਂਗੇ।

ਸਾਰੇ : ਆਪਣੀ ਭਾਰਤ ਮਾਤਾ ਨੂੰ ਵਿਕਸਿਤ ਬਣਾਵਾਂਗੇ।
ਹਾਂ ਆਓ ਸਾਰੇ ਪ੍ਰਣ ਕਰੀਏ.....

ਭਾਰਤ ਮਾਤਾ ਦੀ ਜੈ..... ਭਾਰਤ ਮਾਤਾ ਦੀ ਜੈ...

ਗੀਤ : ਵੰਦੇ ਮਾਤਰਮ, ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ ਵੰਦੇ ਮਾਤਰਮ

ਵੰਦੇ ਮਾਤਰਮ, ਵੰਦੇ ਮਾਤਰਮ